**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ : ਸਿ :), ਪੰਜਾਬ ।**

(ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

# ਪਬਲਿਕ ਨੋਟਿਸ

**(3704 ਅਸਾਮੀਆ ਵਿਰੁੱਧ ਸਿਲੈਕਟ ਹੋਏ ਅਧਿਆਪਕਾ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਲਈ ਸੱਦਾ)**

1.0 ਸਿੱਖਿਆ ਵਿਭਾਗ, ਪੰਜਾਬ ਵਿਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸਿਆ ਦੀਆ 3704 ਅਸਾਮੀਆ ਭਰਨ ਲਈ ਮਿਤੀ 28.02.2020 / 25.10.2020 ਨੂੰ ਇਸਤਿਹਾਰ ਦਿਤਾ ਗਿਆ ਸੀ। ਇਹਨਾਂ ਅਸਾਮੀਆ ਲਈ ਜਿਹਨਾਂ ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਉਹਨਾ ਵਿਚੋ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁੱਕਤੀ ਪੱਤਰ ਜਾਰੀ ਕੀਤੇ ਜਾਣੇ ਹਨ। ਇਹਨਾ ਸਿਲੈਕਟ ਕੀਤੇ ਉਮੀਦਵਾਰਾ ਦੀ ਲਿਸਟ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਉਪਲਬਦ ਹੈ।

2.0 ਇਹਨਾ ਉਮੀਦਵਾਰਾਂ ਨੂੰ **ਮਿਤੀ 26-02-2021** ਨੂੰ ਆਪਣੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਲਈ ਸਦਾ ਦਿੱਤਾ ਗਿਆ ਸੀ।

3.0 ਇਸ ਨੋਟਿਸ ਰਾਹੀ ਇਹ ਸੁਚਿਤ ਕੀਤਾ ਜਾਂਦਾ ਹੈ ਜੋ ਉਮੀਦਵਾਰ ਕਿਸੇ ਕਾਰਨ ਮਿਤੀ 26-02-2021 ਨੂੰ ਨਿਯੁਕਤੀ ਪੱਤਰ ਪ੍ਰਾਪਤ ਕਰਨ ਲਈ ਹਾਜਰ ਨਹੀ ਹੋ ਸਕੇ ਅਤੇ ਉਹਨਾ ਦਾ ਨਾਂਮ ਵਿਭਾਗ ਵਲੋ ਜਾਰੀ ਸਿਲੈਕਸਨ ਲਿਸਟ ਵਿਚ ਦਰਜ ਹੈ, ਉਹਨਾ ਨੂੰ ਨਿਯੁਕਤੀ ਪੱਤਰ ਪ੍ਰਾਪਤ ਕਰਨ ਦਾ ਇਕ ਹੋਰ ਮੋਕਾ ਦਿੱਤਾ ਜਾਂਦਾ ਹੈ। ਅਜਿਹੇ ਉਮੀਦਵਾਰ ਮਿਤੀ 27-02-2021 ਨੂੰ ਸਵੇਰੇ 10 ਵਜੇ ਤੋ ਦੁਪਿਹਰ 2 ਵਜੇ ਤੱਕ **ਪੰਜਾਬ ਸਕੂਲ ਸਿਖਿਆ ਬੋਰਡ ਆਿਡੀਟੋਰੀਅਮ, ਫੇਜ-8, ਐਸ.ਏ.ਐਸ. ਨਗਰ** ਵਿਖੇ ਨਿੱਜੀ ਤੋਰ ਤੇ ਹਾਜਰ ਹੋ ਕੇ ਨਿਯੁਕਤੀ ਪੱਤਰ ਪ੍ਰਾਪਤ ਕਰ ਸਕਦੇ ਹਨ। ਇਹ ਉਮੀਦਵਾਰ ਆਪਣੇ ਨਾਲ ਇਸ ਨੋਟਿਸ ਨਾਲ ਨੱਥੀ ਸਵੈ ਘੋਸਣਾ ਪੱਤਰ ਭਰਕੇ ਅਤੇ ਆਪਣੇ ਨਾਲ ਅਪਲਾਈ ਕਰਨ ਦਾ ਸਬੂਤ, ਅਤੇ ਆਪਣਾ ਪਹਿਚਾਣ ਪੱਤਰ ਲੈ ਕੇ ਹਾਜਰ ਹੋਣਗੇ ।

ਨੋਟ:-

1. ਉਪਰੋਕਤ ਉਮੀਦਵਾਰ ਹਾਜਰ ਹੋਣ ਸਮੇ ਸਰਕਾਰ ਦੀਆਂ ਕੋਵਿਡ-19 ਦੀਆ ਹਦਾਇਤਾਂ ਨੂੰ ਮੱਦੇਨਜਰ ਰੱਖਦੇ ਹੋਏ ਮਾਸਕ ਲਗਾਕੇ ਆਉਣਾ ਅਤੇ ਸੋਸਲ ਡਿਸਟੈਂਸਿੰਗ ਰੱਖਣਾ ਯਕੀਨੀ ਬਣਾਉਣਗੇ। ਜੋ ਵੀ ਉਮੀਦਵਾਰ ਕੋਵਿਡ ਦੀਆ ਹਦਾਇਤਾ ਦੀ ਪਾਲਣਾ ਨਹੀ ਕਰੇਗਾ ਉਸ ਨੂੰ entertain ਨਹੀ ਕੀਤਾ ਜਾਵੇਗਾ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮਿਤੀ:26-02-2021